ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ...........................

Date ..........................

Phone :0181-2224783(O)
:0181-2459664(R)
Fax :0181-2224727
Email: do.jal@punjabmail.gov.in

## ਹੁਕਮ

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਲੋਕਾਂ ਨੂੰ ਪੈਸਿਆਂ ਦੀ ਕੋਈ ਦਿਕੱਤ ਨਾ ਆਵੇ ਇਸ ਨੂੰ ਮੁੱਖ ਰੱਖਦੇ ਹੋਏ ਇਸ ਦਫਤਰ ਦੇ ਪੱਤਰ ਨੰ 4558-74/ਐਮ.ਸੀ.4/ਐਮ.ਏ ਮਿਤੀ 29-03-2020 ਅਤੇ ਪੱਤਰ ਨੰ 4596-4615/ਐਮ.ਸੀ.4/ਐਮ. ਏ ਮਿਤੀ 29-03-2020 ਰਾਂਹੀ ਕਰਫਿਊ ਵਿੱਚ ਬੈਂਕਾ ਅਤੇ ATM's ਨੂੰ ਛੋਟ ਦਿੱਤੀ ਗਈ ਸੀ। ਜਿਸ ਦੀ ਲਗਾਤਾਰਤਾ ਵਿੱਚ ਸੰਕਲਿਤ ਰੂਪ ਵਿੱਚ ਹੇਠ ਲਿਖੇ ਅਨੁਸਾਰ ਕਰਫਿਊ ਵਿਚੋਂ ਛੋਟ ਦਿੱਤੀ ਜਾਂਦੀ ਹੈ :-

1. ਜਿਲ੍ਹਾ ਜਲੰਧਰ ਦੀ ਹਦੂਦ ਅੰਦਰ ਸਾਰੇ ਬੈਂਕ (100% ਬਰਾਂਚਾਂ ਸਾਰੇ ਬੈਂਕਾਂ ਦੀਆਂ) ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇ ਤੱਕ ਖੁਲਣਗੇ ਅਤੇ ATM's 24 ਘੰਟੇ ਖੁਲ੍ਹੇ ਰਹਿਣਗੇ।
2. ATM's ਨੂੰ ਰੈਗੂਲਰ ਰਿਪਲੈਨਿਸ਼ ਕਰਨ ਦਾ ਕੰਮ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ATM ਕੈਸ਼ ਤੋਂ ਵਾਂਝੀ ਨਾ ਹੋਵੇ।
3. ਕੋਈ ਵੀ ਵਿਅਕਤੀ ਇਹਨਾਂ ATM's ਤੋਂ ਸਵੇਰੇ 10.00 ਵਜੇ ਤੋਂ ਦਪਿਹਰ 05.00 ਵਜੇ ਤੱਕ ਪੈਸੇ ਕਢਵਾਉਣ ਲਈ ਜਾ ਸਕਦਾ ਹੈ, ਪਰੰਤੂ ਸ਼ਰਤ ਇਹ ਹੋਵੇਗੀ ਕਿ ਪੈਸੇ ਕਢਵਾਉਣ ਵਾਲਾ ਵਿਅਕਤੀ ਪੈਸੇ ਲੈਣ ਪੈਦਲ ਹੀ ਜਾਵੇਗਾ, ਉਸਨੂੰ ਕੋਈ ਵੀ ਵਹੀਕਲ ਵਰਤਨ ਦੀਂ ਮਨਾਹੀ ਹੋਵੇਗੀ। ਜਦੋਂ ਕੋਈ ਵਿਅਕਤੀ ATM ਵਿਚੋਂ ਪੈਸੇ ਕਢਵਾਉਣ ਜਾਂਦਾ ਹੈ ਤਾਂ ਉਸ ਪਾਸ ATM Card ਦਾ ਹੋਣਾ ਲਾਜਮੀ ਹੈ ਜੋ ਕਿ ਕਰਫਿਊ ਪਾਸ ਦਾ ਕੰਮ ਕਰੇਗਾ।
4. ਇਸ ਦੌਰਾਨ ਜੇਕਰ ਕੋਈ ਵਿਅਕਤੀ ਗਰੀਬ ਹੈ ਅਤੇ ਉਸ ਪਾਸ ATM ਨਹੀਂ ਹੈ ਤਾਂ ਉਹ ਬੈਂਕ ਦੀ ਬਰਾਂਚ ਵਿੱਚ ਜਾ ਕੇ ਸਵੇਰੇ 10.00 ਵਜੇ ਤੋਂ ਦੁਪਿਹਰ 04.00 ਤੱਕ ਕੈਸ਼ ਕਢਵਾ ਸਕਦਾ ਹੈ। ਬੈਂਕ ਜਾਂਦੇ ਸਮੇਂ ਬੈਂਕ ਦੀ ਕਾਪੀ ਨਾਲ ਲੈ ਕੇ ਜਾਣਾ ਜਰੂਰੀ ਹੋਵੇਗਾ, ਜੋ ਕਿ ਕਰਫਿਊ ਪਾਸ ਦਾ ਕੰਮ ਕਰੇਗੀ। ਬੈਂਕ ਮੈਨੇਜਰ ਇਹ ਵੀ ਧਿਆਨ ਰੱਖਣਗੇ ਕਿ ਬੈਂਕ ਵਿੱਚ ਜਿਆਦਾ ਭੀੜ ਨਾ ਹੋਵੇ। ਬੈਂਕ ਮੈਨੇਜਰ ਬੈਂਕ ਵਿੱਚ ਇਹ ਵੀ ਸੁਨਿਸ਼ਚਿਤ ਕਰਨਗੇ ਕਿ Social Distance ਸਬੰਧੀ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਚਿੱਟੇ ਰੰਗ ਦੇ ਗੋਲੇ ਮਾਰਕੇ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਉਣਗੇ ਕਿ ਬੈਂਕ ਦੇ ਦਰਵਾਜੇ ਦੇ ਹੈਂਡਲ ਨੂੰ ਨਾਲ ਦੀ ਨਾਲ ਸੈਨੇਟਾਈਜ਼ ਕੀਤੇ ਜਾਣ ।
5. ATM's ਤੇ ਸਬੰਧਤ ਬੈਂਕ ਮੈਨੇਜਰ ਇਹ ਯਕੀਨੀ ਬਣਾਉਣਗੇ ਕਿ ATM's ਦੇ ਬਾਹਰ ਸਿਹਤ ਵਿਭਾਗ ਦੀਆਂ ਕੋਵੀਡ-19 ਸਬੰਧੀ ਹਦਾਇਤਾ ਅਨੁਸਾਰ ਸਮਾਜਿਕ ਦੂਰੀ (Social Distance) ਸਬੰਧੀ ਚਿੱਟੇ ਰੰਗ ਦੇ ਗੋਲੇ ਬਣਾਏ ਗਏ ਹੋਣ ਜਿਨਾ ਵਿੱਚ ਘੱਟੋ-ਘੱਟ 2 ਵਿਅਕਤੀਆਂ ਵਿਚਕਾਰ 1.5 ਮੀਟਰ ਦਾ ਫਾਲਸਾ ਰੱਖਿਆ ਜਾਵੇ ਤਾਂ ਜੋ ਕਰੋਨਾ ਵਾਇਰਸ ਦੀ ਬਿਮਾਰੀ ਨਾ ਫੈਲ ਸਕੇ। ATM's ਅਤੇ ਉਹਨਾਂ ਦੇ ਦਰਵਾਜਿਆਂ ਨੂੰ ਲਗਾਤਾਰ ਸੈਨੀਟਾਇਜ ਕਰਨ ਦੀ ਜਿੰਮੇਵਾਰੀ ਸਬੰਧਤ ਬੈਂਕ ਮੈਨੇਜਰ ਦੀ ਹੋਵੇਗੀ। ਸਾਰੇ ATM's ਉਤੇ ਗਾਰਡ ਮਾਸਕ ਅਤੇ ਸੈਨੀਟਾਇਜਰ ਦਾ ਇਸਤੇਮਾਲ ਕਰਨਾ ਅਤੇ ਸਮੇਂ ਸਮੇਂ ਤੇ ਕੋਵੀਡ-19 ਸਬੰਧੀ ਪ੍ਰਾਪਤ ਹੋਈਆਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ ਤੇ ATM's ਉਪਰ ਸੈਨੀਟਾਇਜਰ ਸਬੰਧਤ ਬੈਂਕ ਮੈਨੇਜਰ ਵੱਲੋਂ ਗਾਰਡ ਨੂੰ ਉਪਲਬਧ ਕਰਵਾਇਆ ਜਾਵੇਗਾ ਅਤੇ ਗਾਰਡ ਵੱਲੋਂ ATM ਦੇ ਦਰਵਾਜੇ ਅਤੇ ATM ਨੂੰ ਨਾਲ ਦੀ ਨਾਲ ਸੈਨੇਟਾਈਜ਼ ਕੀਤਾ ਜਾਵੇਗਾ।
6. ਆਨ ਡਿਊਟੀ ਬੈਂਕ ਕਰਮਚਾਰੀਆਂ ਦੇ ਆਈ ਕਾਰਡ ਹੀ ਕਰਫੀਉ ਪਾਸ ਦਾ ਕੰਮ ਕਰਨਗੇ ।
7. ਉਕਤ ਸਾਰੀਆਂ ਹਦਾਇਤਾਂ ਲਾਗੂ ਕਰਵਾਉਣ ਦੀ ਜਿੰਮੇਵਾਰੀ ਲੀਡ ਜਿਲ੍ਹਾ ਮੈਨੇਜਰ, ਜਲੰਧਰ ਦੀ ਹੋਵੇਗੀ ਅਤੇ ਸੁਰਖਿਆ ਦੇ ਪ੍ਰਬੰਧ ਕਮਿਸ਼ਨਰ ਆਫ ਪੁਲਿਸ, ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ), ਜਲੰਧਰ ਵੱਲੋਂ ਕੀਤੇ ਜਾਣਗੇ।

ਜਿਲ੍ਹਾ ਮੈਜਿਸਟਰੇਟ
ਜਲੰਧਰ।

Scanned by CamScanner

ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ........................
Date ......................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

ਪਿੱਠ ਅੰਕਣ ਨੰ. 4920-31 /ਐਮ.ਸੀ.4/ਐਮ.ਏ ਮਿਤੀ- 01-04-2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
2. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
3. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ।
4. ਕਮਿਸ਼ਨਰ ਨਗਰ ਨਿਗਮ, ਜਲੰਧਰ
5. ਜਿਲ੍ਹਾ ਲੋਕ ਸਪੰਰਕ ਅਫਸਰ, ਜਲੰਧਰ
6. ਲੀਡ ਜਿਲ੍ਹਾ ਮੈਨੇਜਰ, ਜਲੰਧਰ
7. ਸੁਪਪਡੰਟ ਗਰੇਡ-1, ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼ਿ)

1/4/2020

ਵਾ. ਜਿਲ੍ਹਾ ਮੈਜਿਸਟਰੇਟ
ਜਲੰਧਰ।

Scanned by CamScanner